ੴ

ਗੁਰਬਾਣੀ ਵਿਚਾਰੁ

20

ਗੁਰੂ-ਸਤਿਗੁਰੂ

ਆਦਿ ਅੰਤਿ ਏਕੈ ਅਵਤਾਰਾ ॥
ਸੋਈ ਗੁਰੂ ਸਮਝਿਯਹੁ ਹਮਾਰਾ ॥

ਭਾਗ - 1

'ਖੋਜੀ'

ਗੁਰੂ-ਸਤਿਗੁਰੂ

ਭਾਗ - 1

'ਗੁਰੂ' ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ – ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ, **ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤੱਤ ਗਿਆਨ ਸਮਝਾਉਂਦਾ ਹੈ, ਉਹ ਗੁਰੂ ਹੈ ।**

ਇਸ ਲਈ ਅਗਿਆਨਤਾ ਯਾ ਭਰਮ ਦੇ ਹਨੇਰ ਨੂੰ ਦੂਰ ਕਰਨ ਵਾਲੀ **'ਸ਼ਖਸੀਅਤ'** ਯਾ **'ਅਨੁਭਵੀ ਗਿਆਨ'** ਨੂੰ ਹੀ ਗੁਰੂ ਕਿਹਾ ਜਾਂਦਾ ਹੈ ।

ਅਗਿਆਨਤਾ ਦੋ ਕਿਸਮਾਂ ਦੀ ਹੁੰਦੀ ਹੈ –

1. **ਸੰਸਾਰਕ ਅਗਿਆਨਤਾ** – ਬੀਮਾਰੀ, ਅਨਪੜ੍ਹਤਾ ਯਾ ਤਜਰਬੇ ਦੀ ਘਾਟ ਕਰਕੇ ਮਨੁੱਖੀ ਦਿਮਾਗ ਦਾ ਪੂਰੀ ਤਰ੍ਹਾਂ ਵਿਕਾਸ ਨਹੀਂ ਹੁੰਦਾ । ਇਸ ਅਗਿਆਨਤਾ ਕਾਰਨ ਮਨੁੱਖ ਸੰਸਾਰ ਦੇ ਹਰ ਖੇਤਰ ਵਿਚ ਦੁਖੀ ਹੁੰਦਾ ਹੈ ।

2. **ਅਧਿਆਤਮਿਕ ਅਗਿਆਨਤਾ** – ਦੁਨਿਆਵੀ, ਧਾਰਮਿਕ ਅਤੇ ਆਤਮਿਕ ਮੰਡਲਾਂ ਦੀ ਬਾਬਤ ਦ੍ਰਿੜ੍ਹ ਕੀਤੇ ਹੋਏ ਸੁਣੇ-ਸੁਣਾਏ, ਓਪਰੇ, ਅਧੂਰੇ, ਗ਼ਲਤ ਖ਼ਿਆਲ, ਜਾਣਕਾਰੀ ਯਾ ਨਿਸ਼ਚਿਆਂ ਨੂੰ ਹੀ ਅਧਿਆਤਮਿਕ ਅਗਿਆਨਤਾ ਯਾ ਹਨੇਰਾ ਕਿਹਾ ਗਿਆ ਹੈ।

ਅੱਜ ਕੱਲ ਸਕੂਲਾਂ ਤੇ ਕਾਲਜਾਂ ਵਿਚ ਸਧਾਰਣ ਤੇ ਵਿਗਿਆਨਕ ਵਿਦਿਆ ਬਹੁਤ ਤਰੱਕੀ ਕਰ ਗਈ ਹੈ ਤੇ ਕਰ ਰਹੀ ਹੈ । ਇਸ ਮਾਇਕੀ ਵਿਦਿਆ ਨੇ ਸਾਨੂੰ ਬਹੁਤ ਹੀ ਸਰੀਰਕ ਅਤੇ ਮਾਨਸਿਕ ਸੁਖ ਪ੍ਰਦਾਨ ਕੀਤੇ ਹਨ, ਪਰ ਵਿਗਿਆਨ ਦੇ ਅਦਭੁਤ ਚਮਤਕਾਰਾਂ ਨਾਲ ਸਾਡਾ ਮਨ ਇੰਨਾ ਚੁੰਧਿਆ ਗਿਆ ਹੈ, ਕਿ ਅਸੀਂ ਆਪਣੇ ਕੇਂਦਰ **'ਆਪੇ'** ਨੂੰ ਬਿਲਕੁਲ ਹੀ ਭੁੱਲ ਗਏ ਹਾਂ, ਜਿਸ ਕਰਕੇ ਸਾਡਾ **ਜੀਵਨ 'ਆਤਮ-ਹੀਣ', ਰੁੱਖਾ-ਸੁੱਕਾ ਅਤੇ ਖੁਦਗਰਜ਼ ਬਣ ਗਿਆ ਹੈ** । ਇਸ ਦੇ ਨਾਲ-ਨਾਲ ਸਾਡੀ **'ਹਉਮੈ'** ਵੀ ਵੱਧਦੀ-ਫੁੱਲਦੀ ਜਾਂਦੀ ਹੈ ਤੇ ਸਾਡੇ ਵਿਚ **ਦੈਵੀ ਗੁਣਾਂ ਦੀ ਥਾਂ ਅਸੁਰੀ ਅਉਗਣ** – ਕਾਮ, ਕ੍ਰੋਧ, ਨਿੰਦਾ, ਨਫਰਤ, ਖੁਦਗਰਜ਼ੀ, ਬੇਈਮਾਨੀ, ਭ੍ਰਿਸ਼ਟਾਚਾਰ (corruption), ਲੜਾਈਆਂ, ਝਗੜੇ ਜੀਵਨ ਦੇ ਹਰ ਖੇਤਰ ਵਿਚ ਪ੍ਰਧਾਨ ਹਨ । ਦੁਨੀਆਂ ਵਿਚ ਸਾਰੇ ਪਾਸੇ ਲੁੱਟ-ਖਸੁੱਟ, ਧੱਕੇਸ਼ਾਹੀ, ਜ਼ੁਲਮ, ਅਤਿਆਚਾਰ ਤੇ ਲੜਾਈਆਂ-ਝਗੜੇ ਦਿਨੋ-ਦਿਨ ਵੱਧ ਰਹੇ ਹਨ, ਜਿਸ ਕਰਕੇ ਹਰ ਥਾਂ **ਅਸ਼ਾਂਤੀ ਵਧ ਰਹੀ ਹੈ** ਅਤੇ ਸਾਰਾ ਸੰਸਾਰ ਹੀ **'ਮਾਇਕੀ ਅੱਗ' ਦਾ ਭਾਂਬੜ** ਬਣ ਗਿਆ ਹੈ ।

ਗੁਰੂ ਨਾਨਕ ਸਾਹਿਬ ਨੇ ਇਸ ਸੰਸਾਰਕ ਦਸ਼ਾ ਨੂੰ ਦੇਖ ਕੇ ਅਥਵਾ ਮਹਿਸੂਸ ਕਰਕੇ ਇਉਂ ਉਪਦੇਸ਼ ਦਿਤੇ ਹਨ –

ਏਹੁ ਜਗੁ ਜਲਤਾ ਦੇਖਿ ਕੈ ਭਜਿ ਪਏ ਹਰਿ ਸਰਣਾਈ ਰਾਮ ।। (ਪੰਨਾ–੫੭੧)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ।। (ਪੰਨਾ–੧੨੯੧)

ਮਾਇਕੀ ਵਿਦਿਆ ਤੇ ਵਿਗਿਆਨ ਦਾ ਇੰਨਾ ਵਿਕਾਸ ਹੋ ਜਾਣ ਦੇ **ਬਾਵਜੂਦ** ਦੁਨੀਆ ਜਲ-ਬਲ-ਸੜ ਰਹੀ ਹੈ ਤੇ ਅਤਿਅੰਤ ਦੁਖੀ ਹੋ ਰਹੀ ਹੈ । ਇਸ ਦਾ ਮਤਲਬ ਇਹ ਹੈ, ਕਿ ਸਾਰੀ ਮਾਇਕੀ ਵਿਦਿਆ, ਦੁਨੀਆ ਦੀ **'ਗੁੱਝੀ ਅੱਗ' ਨੂੰ ਬੁਝਾਉਣ** ਅਤੇ ਸੰਸਾਰ ਵਿਚ **ਸੱਚੀ, ਸਦੀਵੀ, ਸੁਖ-ਸ਼ਾਂਤੀ ਲਿਆਉਣ ਵਿਚ ਅਸਮਰੱਥ ਰਹੀ ਹੈ** ।

ਦੂਜੇ ਲਫ਼ਜ਼ਾਂ ਵਿਚ, ਇਸ ਸੰਸਾਰਿਕ **'ਅੱਗ ਨੂੰ ਬੁਝਾਉਣ', ਮਨ ਦਾ ਹਨੇਰਾ ਦੂਰ ਕਰਨ ਤੇ ਸੁਖ-ਸ਼ਾਂਤੀ ਲਿਆਉਣ ਲਈ,** ਕੋਈ ਹੋਰ ਉਚੱਚੀ-ਸੁੱਚੀ **'ਆਤਮਿਕ ਵਿਦਿਆ'** ਅਥਵਾ **ਅਨੁਭਵੀ ਗਿਆਨ ਦੀ ਲੋੜ ਹੈ** । ਇਸ ਤੋਂ ਜ਼ਾਹਿਰ ਹੈ, ਕਿ ਹੁਣ ਦੁਨਿਆਵੀ ਵਿਦਿਆ ਨਾਲੋਂ **ਆਤਮਿਕ ਵਿਦਿਆ ਵੱਲ ਧਿਆਨ ਦੇਣ ਦੀ ਜ਼ਿਆਦਾ ਲੋੜ ਹੈ** ।

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ।।
ਨਾਉ ਪੜੀਐ ਨਾਉ ਬੁਝੀਐ ਗੁਰਮਤੀ ਵੀਚਾਰਾ ।। (ਪੰਨਾ–੧੪੦)

ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ।। (ਪੰਨਾ–੩੪੦)

ਹਰਿ ਪੜੁ ਹਰਿ ਲਿਖੁ ਹਰਿ ਜਪਿ ਹਰਿ ਗਾਉ
ਹਰਿ ਭਉਜਲੁ ਪਾਰਿ ਉਤਾਰੀ ।। (ਪੰਨਾ–੬੬੯)

ਹਰਿ ਪੜੀਐ ਹਰਿ ਬੁਝੀਐ ਗੁਰਮਤੀ ਨਾਮਿ ਉਧਾਰਾ ।।
ਗੁਰਿ ਪੂਰੈ ਪੂਰੀ ਮਤਿ ਹੈ ਪੂਰੈ ਸਬਦਿ ਬੀਚਾਰਾ ।। (ਪੰਨਾ–੧੦੦੯)

ਬਾਹਰਲੀ ਮਾਇਕੀ ਵਿਦਿਆ ਜਿਥੇ ਸਾਨੂੰ ਬਾਹਰਲਾ ਸੁਖ ਪ੍ਰਦਾਨ ਕਰਦੀ ਹੈ, ਉਥੇ ਨਾਲ-ਨਾਲ ਸਾਡੇ **ਮਨ ਨੂੰ ਮੈਲਾ ਕਰਕੇ,** ਸਾਨੂੰ **ਰਸਾਤਲ** ਵੱਲ ਲੈ ਜਾ ਰਹੀ ਹੈ ਅਤੇ ਅਸੀਂ **'ਆਤਮਿਕ ਵਿਦਿਆ' ਤੋਂ ਕੋਰੇ ਹੁੰਦੇ ਜਾ ਰਹੇ ਹਾਂ** । **ਆਤਮਿਕ ਪੰਧ** ਵੱਲ ਭੀ ਇਹ ਸੰਸਾਰੀ ਵਿਦਿਆ ਜਾਂ ਦਿਮਾਗੀ ਗਿਆਨ **ਕਿਸੇ ਹੱਦ ਤੱਕ ਸਹਾਈ ਹੋ ਸਕਦਾ ਹੈ** । ਇਸ ਤੋਂ ਪਰੇ ਇਸ ਦੀ **ਪਹੁੰਚ ਨਹੀਂ**, ਕਿਉਂਕਿ ਇਹ ਮਾਇਆ ਦੇ **ਤ੍ਰੈ ਗੁਣੀ ਦਾਇਰੇ ਵਿਚ ਹੀ ਸੀਮਿਤ ਹੈ**। ਇਸ ਤੋਂ ਉਪਰ 'ਚੌਥੇ–ਪਦ' ਦਾ ਗਿਆਨ ਨਿਰੋਲ **'ਅਨੁਭਵ' ਦਾ ਵਿਸ਼ਾ ਹੈ, ਜੋ ਨਿਰੋਲ ਆਤਮਿਕ ਖੇਲ ਹੈ ਅਤੇ ਬੁੱਧੀ ਦੀ ਪਕੜ ਤੋਂ ਪਰੇ ਹੈ** ।

ਆਤਮਿਕ ਵਿਦਿਆ ਲਈ **ਆਤਮਿਕ ਅਧਿਆਪਕ** (spiritual Master) ਜਾਂ **'ਗੁਰੂ'** ਦੀ ਲੋੜ ਹੈ, ਜਿਹੜੇ ਸਾਡੀ **ਚੇਤਨਤਾ** (consciousness) ਦਾ ਵਿਕਾਸ ਕਰਕੇ ਸਾਨੂੰ **'ਆਤਮਿਕ ਗਿਆਨ' ਦੇ ਸਕਣ** । ਅੱਜ ਕੱਲ ਦੁਨਿਆਵੀ ਪੜ੍ਹਾਈ ਦੀਆਂ ਯੂਨੀਵਰਸਿਟਿਆਂ (universities) **ਸਿਰਫ** ਦਿਮਾਗ ਦਾ ਵਿਕਾਸ ਕਰਦੀਆਂ ਹਨ, ਜੋ ਕਿ ਆਤਮਿਕ

ਵਲਵਲਿਆਂ ਜਾਂ ਅਤਿ ਸੂਖਮ **ਇਲਾਹੀ 'ਭਾਵਨਾ' ਤੋਂ ਖਾਲੀ** ਹੋਣ ਕਾਰਨ, ਇਨਸਾਨ ਨੂੰ **ਭਾਵਨਾ-ਹੀਣ,** ਰੁੱਖਾ-ਸੁੱਕਾ **ਮਸ਼ੀਨੀ ਬੁੱਤ** (mechanical robot) ਬਣਾ ਰਹੀਆਂ ਹਨ । ਇਸ ਦਾ ਮਤਲਬ ਇਹ ਨਹੀਂ ਕਿ ਦੁਨਿਆਵੀ ਵਿਦਿਆ ਦੀ ਲੋੜ ਨਹੀਂ, ਬਲਕਿ ਸਾਨੂੰ **ਐਸੀ ਸੰਪੂਰਨ ਵਿਦਿਆ** ਦੀ ਲੋੜ ਹੈ, ਜਿਸ ਨਾਲ ਸਾਡੇ ਜੀਵਨ ਦੇ ਜਿਸਮਾਨੀ, ਦਿਮਾਗੀ, ਮਾਨਸਿਕ, ਸਾਮਾਜਿਕ, **ਧਾਰਮਿਕ ਅਤੇ ਆਤਮਿਕ ਪੱਖ ਸਮੁੱਚੇ ਤੌਰ ਤੇ ਵਿਕਾਸ ਕਰ ਸਕਣ** । ਸਾਡੇ ਵਿਦਿਅਕ ਅਧਿਆਪਕਾਂ ਤੇ ਪ੍ਰਬੰਧਕਾਂ ਨੂੰ ਇਸ 'ਪੱਖ' ਵੱਲ ਖਾਸ ਧਿਆਨ ਦੇਣ ਦੀ ਅਤੀ ਲੋੜ ਹੈ । ਪੁਰਾਣੇ ਜ਼ਮਾਨੇ ਵਿਚ ਕੁਦਰਤੀ ਵਾਯੂ ਮੰਡਲ ਵਿਚ ਵਿਦਿਅਕ ਤੇ ਆਤਮਿਕ 'ਗੁਰੂ ਕੁਲ' ਬੜੇ ਕਾਮਯਾਬ ਰਹੇ ਹਨ, ਜਿਵੇਂ ਕਿ 'ਟੈਕਸਲਾ ਯੂਨੀਵਰਸਿਟੀ' । ਹੁਣ ਭੀ ਇਸ ਤਰ੍ਹਾਂ ਦੀ ਇਕ ਯੂਨੀਵਰਸਿਟੀ 'ਸ਼ਾਂਤੀ ਨਿਕੇਤਨ' ਬੰਗਾਲ ਵਿਚ ਬੜੀ ਕਾਮਯਾਬੀ ਨਾਲ ਚੱਲ ਰਹੀ ਹੈ ।

ਜਦੋਂ ਤੋਂ ਦੁਨੀਆਂ ਰਚੀ ਗਈ ਹੈ, ਉਦੋਂ ਤੋਂ ਹੀ **ਆਤਮਿਕ ਵਿਦਿਆ** ਪ੍ਰਜਵਲਤ ਕਰਨ ਲਈ ਲੋੜ ਅਨੁਸਾਰ ਗੁਰੂ, ਪੀਰ, ਪੈਗੰਬਰ, ਸਾਧ, ਸੰਤ, ਭਗਤ, ਗੁਰਮੁਖ ਪਿਆਰੇ ਪ੍ਰਗਟ ਹੁੰਦੇ ਰਹੇ ਹਨ । ਉਹ ਦੁਨੀਆ ਨੂੰ ਸਹੀ **ਆਤਮਿਕ ਜੀਵਨ ਦੀ ਸੇਧ** ਦਿੰਦੇ ਰਹੇ ਹਨ ਤੇ ਆਪੋ–ਆਪਣੀਆਂ ਸਿਖਿਆਵਾਂ ਤੇ ਬਾਣੀਆਂ ਸਾਡੀ ਅਗਵਾਈ ਤੇ ਰੋਸ਼ਨੀ ਲਈ ਛੱਡ ਗਏ ਹਨ।

ਕੁਝ ਸਮੇਂ ਤੋਂ 'ਗੁਰੂ' ਸਤਿਗੁਰੂ ਦੇ ਅੱਖਰ ਅਤੇ ਇਸਦੀ ਭਾਵਨਾ ਦੇ ਬਾਰੇ ਬਹੁਤ ਸਾਰੇ ਸ਼ੰਕੇ ਤੇ ਭਰਮ-ਭੁਲੇਖੇ ਪੈ ਰਹੇ ਹਨ, ਤੇ ਵਾਦ-ਵਿਵਾਦ ਚਲ ਰਿਹਾ ਹੈ, ਜਿਨ੍ਹਾਂ ਦਾ ਨਿਰਣਾ ਕਰਨਾ ਜ਼ਰੂਰੀ ਹੈ ।

ਸ਼ੁਰੂ ਵਿਚ ਦਸਿਆ ਗਿਆ ਹੈ, ਕਿ ਅਗਿਆਨਤਾ ਰੂਪੀ **ਹਨੇਰੇ ਨੂੰ ਦੂਰ ਕਰਨ ਵਾਲੀ ਰੋਸ਼ਨੀ ਨੂੰ ਵੀ 'ਗੁਰੂ' ਕਹਿੰਦੇ ਹਨ** । ਪੁਰਾਣੇ ਜ਼ਮਾਨੇ ਵਿਚ ਹਰ ਕਿਸਮ ਦੀ ਵਿਦਿਆ ਦੇਣ ਵਾਲੇ ਅਧਿਆਪਕਾਂ ਨੂੰ ਵੀ 'ਗੁਰੂ' ਕਿਹਾ ਜਾਂਦਾ ਸੀ, ਕਿਉਂਕਿ ਉਹ ਆਪਣੇ ਵਿਦਿਆਰਥੀਆਂ ਦੀ ਅਨਪੜ੍ਹਤਾ ਦੇ ਹਨੇਰੇ ਨੂੰ ਦੂਰ ਕਰਦੇ ਸੀ । ਇਹ ਰਿਵਾਜ ਹਾਲੇ ਵੀ ਕਈ ਥਾਈਂ ਪ੍ਰਚਲਤ ਹੈ । ਹਾਲੇ ਵੀ ਸੰਗੀਤ ਵਿਦਿਆ, ਸ਼ਸ਼ਤਰ ਵਿਦਿਆ ਤੇ ਹੋਰ ਕਈ ਕਿਸਮ ਦੀ ਵਿਦਿਆ ਦੇਣ ਵਾਲੇ ਨੂੰ 'ਗੁਰੂ' ਕਰਕੇ ਹੀ ਸੰਬੋਧਨ ਕੀਤਾ ਜਾਂਦਾ ਹੈ । ਇਹ 'ਗੁਰੂ' ਲਫ਼ਜ਼ ਹੋਰ ਮਤਾਂ ਵਿਚ ਭੀ ਆਮ ਪ੍ਰਚਲਤ ਹੈ, ਤੇ ਸਾਨੂੰ ਇਸ ਲਫ਼ਜ਼ ਬਾਰੇ ਸ਼ੰਕਾ, ਭੁਲੇਖਾ ਜਾਂ ਵਾਦ–ਵਿਵਾਦ ਨਹੀਂ ਕਰਨਾ ਚਾਹੀਦਾ ਅਤੇ ਨਾ ਹੀ ਇਸ 'ਗੁਰੂ' ਲਫ਼ਜ਼ ਤੋਂ ਘਿਰਨਤ (allergic) ਹੋਣਾ ਚਾਹੀਦਾ ਹੈ । ਸਾਨੂੰ ਦੂਜੇ ਮਤਾਂ ਜਾਂ ਨਿਸਚਿਆਂ ਬਾਬਤ ਬਹੁਤ **ਵਿਸ਼ਾਲ ਹਿਰਦੇ ਨਾਲ ਸਹਿਣਸ਼ੀਲਤਾ ਵਰਤਣੀ ਚਾਹੀਦੀ ਹੈ** । ਗੁਰਬਾਣੀ ਨੇ ਵੀ ਬੜੇ ਉਦਾਰ ਚਿਤ ਨਾਲ ਹਰ ਇਕ ਮਤ ਦੇ ਨਿਸਚਿਆਂ ਦਾ ਆਦਰ ਤੇ ਸਤਿਕਾਰ ਕੀਤਾ ਹੈ। ਜੇਕਰ ਅਸੀਂ ਐਸੇ ਵਿਸ਼ਾਲ ਤੇ ਉਦਾਰ ਨੁਕਤੇ ਤੋਂ ਅਨ-ਮਤਾਂ ਦੇ ਨਿਸਚਿਆਂ ਨੂੰ ਵਿਚਾਰੀਏ, ਤਾਂ ਸਾਡਾ ਕਿਸੇ ਨਾਲ ਕੋਈ ਵਾਦ-ਵਿਵਾਦ, ਵੈਰ-ਵਿਰੋਧ, ਲੜਾਈ-ਝਗੜੇ ਨਾ ਹੋਣ, ਤੇ –

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ।। (ਪੰਨਾ–੧੨੯੯)

ਵਾਲਾ ਸਾਡਾ ਵਤੀਰਾ ਹੋਵੇ ।

'ਗੁਰੂ' ਪਦ ਦਾ ਵਿਸ਼ਾ ਅਤਿ ਹੀ ਦੀਰਘ ਤੇ ਸੂਖਮ ਹੋਣ ਕਾਰਨ ਗਿਆਨੀਆਂ, ਵਿਦਵਾਨਾਂ, ਗੁਰਮੁਖਾਂ ਤੇ ਮਹਾਂਪੁਰਖਾਂ ਦੇ ਵਿਚਾਰ ਗੋਚਰੇ ਰਿਹਾ ਹੈ ਤੇ ਹੈ ਵੀ । ਅੱਗੇ ਵੀ ਇਸ ਵਿਸ਼ੇ ਤੇ ਕਈ ਵਾਰੀ ਵਿਚਾਰ-ਵਟਾਂਦਰਾ, ਲੇਖ ਅਤੇ ਕਿਤਾਬਾਂ ਛੱਪ ਚੁੱਕੀਆਂ ਹਨ । ਗੁਰਬਾਣੀ ਦੀ ਰੋਸ਼ਨੀ ਵਿਚ ਇਸ ਵਿਸ਼ੇ ਉਤੇ ਇਸ ਲੇਖ ਰਾਹੀਂ ਕੁਝ ਵਿਚਾਰਾਂ ਸੰਗਤਾਂ ਦੇ ਪੇਸ਼ ਕੀਤੀਆਂ ਜਾਂਦੀਆਂ ਹਨ ।

'ਗੁਰੂ' ਅੱਖਰ ਦੀ ਵਿਚਾਰ ਕਰਨ ਤੋਂ ਪਹਿਲਾਂ ਪ੍ਰਮਾਤਮਾ, ਆਤਮਾ, ਸੰਸਾਰ ਤੇ ਮਾਇਆ ਦੀ ਬਾਬਤ ਸਮੁੱਚੇ ਸਾਮਾਨਯ ਗਿਆਨ (overall knowledge) ਤੇ ਰੋਸ਼ਨੀ ਪਾਉਣੀ ਲਾਭਦਾਇਕ ਹੋਵੇਗੀ ।

ਮੰਨਿਆ ਗਿਆ ਹੈ, ਕਿ ਪ੍ਰਮਾਤਮਾ ਨੇ ਆਪਣੀ ਮੌਜ ਵਿਚ ਇਹ ਸੰਸਾਰ ਰਚਿਆ ਹੈ, ਤੇ ਇਸ ਵਿਚ ਚੌਰਾਸੀ ਲੱਖ ਜੂਨਾਂ ਉਤਪੰਨ ਕੀਤੀਆਂ, ਅਤੇ ਐਡੀ ਵਿਸ਼ਾਲ ਕਾਇਨਾਤ ਨੂੰ ਚਲਾਉਣ ਲਈ **'ਹੁਕਮ'** ਰੂਪੀ ਪ੍ਰਬੰਧ ਚਲਾਇਆ ਹੈ, ਜੋ ਹਮੇਸ਼ਾਂ ਇਕ ਸਾਰ, ਸਹਿਜ ਵਿਚ ਪੂਰਨ ਨੇਮ-ਬੱਧ, ਐਨ ਸਮੇਂ ਦੀ ਪਾਬੰਦੀ ਵਿਚ ਚੱਲ ਰਿਹਾ ਹੈ । ਪ੍ਰਮਾਤਮਾ '੧' ਇਕ ਹੈ, ਤੇ ਜਦੋਂ ਸੰਸਾਰ ਦੀ ਰਚਨਾ ਕੀਤੀ ਗਈ ਤਾਂ ਇਕ ਤੋਂ ਅਨੇਕ ਰੂਪ ਹੋ ਗਏ । ਇਸ ਅਨੇਕਤਾ ਨੂੰ ਬਾਣੀ ਵਿਚ 'ਸੰਸਾਰ', 'ਮਾਇਆ', 'ਕੁਦਰਤ', 'ਤ੍ਰੈ–ਗੁਣ' ਆਦਿ ਕਹਿ ਕੇ ਬਿਆਨ ਕੀਤਾ ਹੈ। ਜਿਸ ਤਰ੍ਹਾਂ ਸੂਰਜ ਤੇ ਉਸ ਦੀਆਂ ਕਿਰਨਾਂ, ਜੋ ਹਰ ਸ਼ੈ ਵਿਚ ਆਪਣੀ 'ਜੀਵਨ–ਰੌਂ' ਪ੍ਰਵੇਸ਼ ਕਰਦੀਆਂ ਹਨ, ਉਸੇ ਤਰ੍ਹਾਂ ਸਾਰੀ ਰਚਨਾ ਵਿਚ ਪ੍ਰਮਾਤਮਾ ਦੀ 'ਸ਼ਕਤੀ', **'ਜੀਵਨ ਰੌਂ'** (life current) ਗੁਪਤ ਰੂਪ ਵਿਚ ਕੰਮ ਕਰ ਰਹੀ ਹੈ ।

ਸਾਇੰਸਦਾਨਾਂ ਨੇ ਮਾਦੇ ਨੂੰ ਬਾਰੀਕ ਤੋਂ ਬਾਰੀਕ ਤੋੜ ਕੇ ਇਹ ਸਿਧ ਕੀਤਾ ਹੈ ਕਿ ਇਹ ਠੋਸ ਮਾਦਾ (dead matter) ਅਦ੍ਰਿਸ਼ਟ ਅਤੇ ਸੂਖਮ –

ਪਰੋਟੋਨਜ਼ (Protons)
ਨੀਊਟ੍ਰੋਨਜ਼ (Neutrons)
ਇਲੈਕਟ੍ਰੋਨਜ਼ (Electrons)

ਆਦਿ ਬਾਰੀਕ ਅਣੂਆਂ (minute nuclear particles) ਦਾ ਬਣਿਆ ਹੋਇਆ ਹੈ। ਇਲੈਕਟ੍ਰੋਨਜ਼ ਦੀ ਹਰਕਤ ਦੁਆਰਾ ਹੀ ਦੁਨੀਆਂ ਦੇ ਸਾਰੇ ਪਦਾਰਥ ਅਤੇ ਬਿਜਲੀ (electric current) ਹੋਂਦ ਵਿਚ ਆਉਂਦੀ ਹੈ । ਠੀਕ ਇਸੇ ਤਰ੍ਹਾਂ ਧਰਤੀ ਦੀ ਹਰ ਵਸਤੂ 'ਅਦ੍ਰਿਸ਼ਟ ਕਸ਼ਿਸ਼' ਜਾਂ **'ਧਰਤ ਖਿਚ'** (gravity) **ਦੇ ਅਧੀਨ ਹੈ** । ਹਰ ਵਸਤੂ ਦੇ ਪ੍ਰਮਾਣੂ (atoms) ਇਸ 'ਖਿੱਚ' ਦੇ ਨੇਮਾਂ ਦੀ ਪਾਲਣਾ ਕਰਦੇ ਹਨ ।

'ਪਦਾਰਥਕ-ਖਿੱਚ', 'ਚੁੰਬਕੀ-ਖਿੱਚ' ਵਾਂਗ ਇਕ 'ਅੰਨ੍ਹੇ-ਨੇਮ' ਅਨੁਸਾਰ ਕੰਮ ਕਰਦੀ ਹੈ। ਇਹੋ ਜਿਹੇ ਕੁਦਰਤੀ ਨਿਯਮ ਅਚੇਤ ਹੋਣ ਕਰਕੇ, ਇਲਾਹੀ ਨਿਯਮਾਂ ਤੋਂ ਨਿਖੇੜੇ ਜਾ ਸਕਦੇ ਹਨ । ਉਪਰਲੀਆਂ ਦੋਹਾਂ ਉਦਾਹਰਣਾਂ ਤੋਂ ਸਿੱਧ ਹੁੰਦਾ ਹੈ, ਕਿ ਠੋਸ-ਮਾਦੇ (dead matter) ਵਿਚ ਵੀ 'ਸ਼ਕਤੀ' ਕੰਮ ਕਰ ਰਹੀ ਹੈ । ਪਰ ਇਹ 'ਸ਼ਕਤੀ' ਅਤੇ ਇਸਦੇ ਨਿਯਮ 'ਚੇਤੰਨ'

ਨਹੀਂ, ਕਿਉਂਕਿ ਇਹ ਬੁੱਧੀ (intelligence) ਅਤੇ ਵਲਵਲੇ (emotions) ਤੋਂ ਵਾਂਝੇ ਹਨ । ਇਹਨਾਂ ਬਾਹਰਲੇ, ਦਿਸਦੇ ਸੰਸਾਰਕ ਤੱਤਾਂ (elements) ਅਤੇ ਇਹਨਾਂ ਦੇ ਅਚੇਤ ਨਿਯਮਾਂ ਦਾ ਚਾਲਕ (controller or driver), ਇਕ ਹੋਰ 'ਸਤ-ਚਿਤ-ਆਨੰਦ' ਸਰੂਪ 'ਪਰਮ-ਤੱਤ' (primal element) ਹੈ । ਇਹ ਜਿਉਂਦੀ-ਜਾਗਦੀ 'ਆਤਮਿਕ-ਰੌਂ' (Divine life current) 'ਅਨਹਦ-ਧੁਨੀ' ਦੇ ਰੂਪ ਵਿਚ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਹੈ। ਇਹ 'ਆਤਮਿਕ-ਜੀਵਨ-ਰੌਂ' ਵਿਚ ਹੀ ਇਲਾਹੀ ਨਿਰਮਲ ਗਿਆਨ, ਸ਼ਕਤੀ, ਪ੍ਰਕਾਸ਼ ਤੇ ਹੋਰ ਅਨੇਕਾਂ ਆਤਮਿਕ ਗੁਣ ਭਰਪੂਰ ਹਨ, ਜਿਸ ਨੂੰ ਬਾਣੀ ਵਿਚ –

ਨਾਮ
ਸਬਦ
ਹੁਕਮ
ਪਿਰਮ ਰਸ
ਅਨਹਦ ਝੁਣਕਾਰ
ਅਨਹਦ ਧੁਨੀ
ਬ੍ਰਹਮ ਗਿਆਨ

ਦੇ ਲਫ਼ਜ਼ਾਂ ਨਾਲ ਦਰਸਾਇਆ ਗਿਆ ਹੈ ।

ਇਹ ਸੰਸਾਰ ਉਸ **ਗੁਪਤ 'ਪਰਮ–ਤੱਤ'**, 'ਜੀਵਨ–ਰੌਂ', 'ਨਾਮ', 'ਸ਼ਬਦ', 'ਹੁਕਮ' ਦੀ ਸ਼ਕਤੀ ਤੇ ਰੋਸ਼ਨੀ ਦੇ ਆਸਰੇ ਚਲ ਰਿਹਾ ਹੈ, ਪਰ ਜੀਵ ਆਪਣੀ ਇਸ 'ਪਰਮ–ਤੱਤ' ਦੀ **ਹੋਂਦ ਤੇ ਵਿਰਾਸਤ ਤੋਂ ਅਣਜਾਣ ਹਨ** । ਸੰਸਾਰ ਵਿਚ ਲੋਕ ਦੋ ਕਿਸਮ ਦਾ ਜੀਵਨ ਬਤੀਤ ਕਰਦੇ ਹਨ –

ਪਹਿਲਾ – ਅਗਿਆਨਤਾ ਵਾਲਾ ਤੇ
ਦੂਸਰਾ – ਅਨੁਭਵੀ ਪ੍ਰਕਾਸ਼ ਵਾਲਾ ।

ਅਗਿਆਨਤਾ ਜਾਂ ਭਰਮ ਵਾਲੇ ਜੀਵਨ ਵਿਚ, ਸਾਰਾ ਸੰਸਾਰ ਆਪਣੇ ਕੇਂਦਰ, 'ਜੀਵਨ ਰੌਂ' ਤੇ 'ਨਾਮ' ਤੋਂ ਅਣਜਾਣ ਹੋਣ ਕਾਰਨ, **ਹਉਮੈ ਦੇ ਆਸਰੇ ਤ੍ਰੈ-ਗੁਣੀ ਮਾਇਆ ਵਿਚ ਵਿਚਰਦਾ ਹੈ** । ਜਿਸ ਦਾ ਗੁਰਬਾਣੀ ਵਿਚ ਇਉਂ ਨਕਸ਼ਾ ਖਿੱਚਿਆ ਹੈ –

ਭਰਮੇ ਆਵੈ ਭਰਮੇ ਜਾਇ ॥
ਇਹੁ ਜਗੁ ਜਨਮਿਆ ਦੂਜੈ ਭਾਇ ॥ (ਪੰਨਾ–੧੬੧)

ਇਹੁ ਜਗੁ ਭਰਮਿ ਭੁਲਾਇਆ ਮੋਹ ਠਗਉਲੀ ਪਾਇ ॥ (ਪੰਨਾ–੨੩੩)

ਭਰਮੇ ਭੂਲਾ ਫਿਰੈ ਸੰਸਾਰੁ ॥
ਮਰਿ ਜਨਮੈ ਜਮੁ ਕਰੇ ਖੁਆਰੁ ॥ (ਪੰਨਾ–੫੬੦)

ਤ੍ਰੈ ਗੁਣ ਮਾਇਆ ਭਰਮਿ ਭੁਲਾਇਆ ਹਉਮੈ ਬੰਧਨ ਕਮਾਏ ॥ (ਪੰਨਾ–੬੦੪)

ਸਾਧੋ ਇਹੁ ਜਗੁ ਭਰਮ ਭੁਲਾਨਾ ॥
ਰਾਮ ਨਾਮ ਕਾ ਸਿਮਰਨੁ ਛੋਡਿਆ ਮਾਇਆ ਹਾਥਿ ਬਿਕਾਨਾ ॥ (ਪੰਨਾ–੬੮੪)

ਬਿਨੁ ਸਬਦੈ ਸਭੁ ਅੰਧ ਅੰਧੇਰਾ ਗੁਰਮੁਖਿ ਕਿਸਹਿ ਬੁਝਾਇਦਾ ॥ (ਪੰਨਾ–੧੦੬੫)

ਇਹ ਭਰਮ–ਹਨੇਰਾ ਅਥਵਾ ਅਗਿਆਨਤਾ ਸਾਡੇ ਮਨ ਦੀ **ਸੂਖਮ ਅਵਸਥਾ ਹੈ, ਜੋ** ਦੁਨਿਆਵੀ ਵਿਦਿਆ ਨਾਲ ਬਦਲ ਨਹੀਂ ਸਕਦੀ, ਕਿਉਂਕਿ ਗੁਰਬਾਣੀ ਅਨੁਸਾਰ ਇਸ ਨੂੰ ਤਾਂ **ਸਿਰਫ਼ 'ਗੁਰੂ' ਹੀ ਠੀਕ ਕਰ ਸਕਦਾ ਹੈ ।**

ਕਹੁ ਨਾਨਕ ਗੁਰਿ ਖੋਲੇ ਕਪਾਟ ॥
ਮੁਕਤੁ ਭਏ ਬਿਨਸੇ ਭ੍ਰਮ ਥਾਟ ॥ (ਪੰਨਾ–੧੮੮)

ਡੀਗਨ ਡੋਲਾ ਤਉ ਲਉ ਜਉ ਮਨ ਕੇ ਭਰਮਾ ॥
ਭ੍ਰਮ ਕਾਟੇ ਗੁਰਿ ਆਪਣੈ ਪਾਏ ਬਿਸਰਾਮਾ ॥ (ਪੰਨਾ–੪੦੦)

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥ (ਪੰਨਾ–੪੬੩)

ਗੁਰ ਗਿਆਨ ਅੰਜਨੁ ਸਤਿਗੁਰੂ ਪਾਇਆ ਅਗਿਆਨ ਅੰਧੇਰ ਬਿਨਾਸੇ ॥ (ਪੰਨਾ–੫੭੩)

ਜਦ ਆਪਾਂ **'ਗੁਰੂ' ਜਾਂ 'ਸਤਿਗੁਰੂ'** ਦਾ ਜ਼ਿਕਰ ਕਰਦੇ ਜਾਂ ਸੁਣਦੇ ਹਾਂ, ਤਾਂ ਫੌਰਨ ਸਾਡਾ ਧਿਆਨ 'ਦੇਹ' ਸਰੂਪ ਗੁਰੂਆਂ ਵੱਲ ਸਹਿਜ-ਸੁਭਾਇ ਜਾਂਦਾ ਹੈ, ਜੋ ਕਿ ਤਸਵੀਰਾਂ ਯਾ ਕਲੰਡਰਾਂ ਉਤੇ ਛਪਿਆ ਹੁੰਦਾ ਹੈ । ਪਰ ਇਹ ਸਾਡੀ **'ਦੇਹ ਸਰੂਪ' ਕਲਪਨਾ ਜਾਂ ਨਿਸਚਾ, ਗੁਰਬਾਣੀ ਦੇ ਆਸ਼ੇ ਦੇ ਅਨੁਕੂਲ ਨਹੀਂ ਹੈ ।**

ਗੁਰਬਾਣੀ ਵਿਚ **'ਗੁਰੂ'** ਪਦ ਦੇ ਅੱਗੇ ਜਾਂ ਪਿਛੇ ਅਨੇਕਾਂ **ਵਿਸ਼ੇਸ਼ਣ ਲਾਏ** ਗਏ ਹਨ, ਜਿਹਾ ਕਿ –

ਇਕ ਗੁਰੂ
ਪੂਰਾ ਗੁਰੂ
ਸਤਿ-ਗੁਰੂ
ਸਚਾ-ਗੁਰੂ
ਗੁਰੂ-ਬੋਹਿਥ
ਗੁਰੂ-ਖੇਵਟ
ਗੁਰੂ-ਤੀਰਥ
ਗੁਰੂ-ਦਰੀਆਉ
ਗੁਰੂ-ਪੀਰ
ਗੁਰੂ-ਪਾਰਸ
ਗੁਰੂ-ਦੀਪਕ

ਗੁਰੂ-ਪਿਤਾ
ਗੁਰੂ-ਮਾਤਾ
ਗੁਰੂ-ਦਾਤਾ
ਗੁਰੂ-ਹਿਵੈ ਘਰ
ਗੁਰੂ-ਸੀਤਲ
ਗੁਰੂ-ਮਿਤ੍ਰ
ਗੁਰੂ-ਬਾਲ ਸਖਾਈ
ਗਿਆਨ-ਗੁਰੂ
ਗੁਰੂ-ਪਰਮੇਸ਼ਰ
ਗੁਰੂ-ਪਾਰਬ੍ਰਹਮ
ਗੁਰੂ-ਗੋਬਿੰਦ
ਗੁਰੂ-ਸਿੱਖ
ਗੁਰੂ-ਸਾਧੂ
ਗੁਰੂ-ਸੰਤ
ਗੁਰੂ-ਬ੍ਰਹਮਗਿਆਨੀ
ਗੁਰੂ–ਦੇਵ
ਗੁਰੂ–ਸਬਦ, ਆਦਿ ।

'ਗੁਰੂ ਪ੍ਰਮੇਸ਼ਰ' ਪਦ ਦੇ ਨਿਰਣਾ ਕਰਨ ਦੀ ਲੋੜ ਹੈ । ਅੱਗ ਵਿਚ **ਜਦ ਲੋਹਾ ਲਾਲ ਸੂਹਾ ਹੋ ਜਾਂਦਾ ਹੈ** ਤਾਂ ਆਪਾਂ ਆਖਦੇ ਹਾਂ, ਕਿ ਲੋਹਾ **ਅੱਗ ਵਰਗਾ ਲਾਲ** ਹੋ ਕੇ **'ਅੱਗ ਦਾ ਸਰੂਪ'** ਹੋ ਗਿਆ ਹੈ । ਇਸੇ ਤਰ੍ਹਾਂ **ਸਬਦ-ਰੂਪ 'ਗੁਰੂ'** ਅਕਾਲ ਪੁਰਖ ਦੀ **'ਸਮੀਪਤਾ'** ਵਿਚ **'ਅਕਾਲ ਰੂਪ'** ਹੀ ਹੋ ਜਾਂਦਾ ਹੈ, ਤੇ ਉਸ ਹਾਲਤ ਵਿਚ **'ਗੁਰੂ ਪ੍ਰਮੇਸ਼ਰ'** ਦਾ ਪਦ ਵਰਤਿਆ ਗਿਆ ਹੈ । ਪ੍ਰਮਾਣ ਵਜੋਂ **ਉਹੀ ਕਿਰਨਾਂ** ਸੂਰਜ ਦੇ ਨੇੜੇ **'ਸੂਰਜ-ਰੂਪ'** ਹੁੰਦੀਆਂ ਹਨ, ਪਰ **ਦੂਰ ਹੋ ਕੇ ਸਿਰਫ਼ ਕਿਰਨਾਂ** ਹੀ ਰਹਿ ਜਾਂਦੀਆਂ ਹਨ । ਉਪਰਲੇ ਦ੍ਰਿਸ਼ਟੀਕੋਣ ਨਾਲ ਬਾਕੀ ਦੇ ਵਿਸ਼ੇਸ਼ਣ ਭੀ ਸਹਿਜੇ ਹੀ ਸਮਝ ਆ ਸਕਦੇ ਹਨ ।

ਇਹਨਾਂ ਸਾਰਿਆਂ ਵਿਸ਼ੇਸ਼ਣਾਂ ਤੋਂ ਪਤਾ ਲਗਦਾ ਹੈ, ਕਿ ਗੁਰਮਤਿ ਅਨੁਸਾਰ **'ਗੁਰੂ' ਲਫਜ਼ ਦਾ ਕਿਸੇ ਸੂਖਮ 'ਪਰਮ-ਤੱਤ' ਵਲ ਇਸ਼ਾਰਾ ਹੈ, ਨਾ ਕਿ 'ਦੇਹ ਸਰੂਪ' ਵੱਲ** । ਬਾਣੀ ਵਿਚ ਸਪਸ਼ਟ ਤੌਰ ਤੇ ਲਿਖਿਆ ਹੈ –

ਹਿਰਦੈ ਚਰਣ ਸਬਦੁ ਸਤਿਗੁਰ ਕੋ ਨਾਨਕ ਬਾਂਧਿਓ ਪਾਲ ।। (ਪੰਨਾ–੬੮੦)

ਸਬਦੁ ਗੁਰੂ ਸੁਰਤਿ ਧੁਨਿ ਚੇਲਾ ।। (ਪੰਨਾ–੯੪੩)

ਗੁਰਮੂਰਤਿ ਗੁਰ ਸਬਦੁ ਹੈ ਸਾਧਸੰਗਤਿ ਵਿਚਿ ਪਰਗਟੀ ਆਇਆ ।

(ਵਾ.ਭਾ.ਗੁ. ੨੪/੨੫)

ਇਸ ਲਈ ਗੁਰਮਤਿ ਅਨੁਸਾਰ **'ਗੁਰੂ' – 'ਸਬਦ' ਰੂਪ ਹੈ,** ਤੇ ਇਹ 'ਸ਼ਬਦ', ਸੂਖਮ 'ਪਰਮ-ਤੱਤ', 'ਨਾਮ', ਜੀਵਨ-ਰੌਂ' (spiritual essence, Divine life current) 'ਜੋਤਿ' ਹੈ, ਜੋ ਸਰਬ ਭਰਪੂਰ ਤੇ ਓਤ-ਪੋਤ ਹੈ । ਉਪਰਲੇ ਸਾਰੇ ਵਿਸ਼ੇਸ਼ਣ ਏਸੇ ਗੁਰੂ ਲਫ਼ਜ਼ ਨੂੰ ਸ਼ੋਭਦੇ ਹਨ, ਤੇ ਇਸੇ ਲਈ ਹੀ ਵਰਤੇ ਗਏ ਹਨ ।

ਜਿਸ ਤਰ੍ਹਾਂ ਸਾਰੇ ਗੁਰੂ ਸਾਹਿਬਾਨ 'ਜੋਤ ਸਰੂਪ' ਜਾਂ 'ਸ਼ਬਦ ਸਰੂਪ' ਹੁੰਦਿਆਂ ਹੋਇਆਂ ਭੀ, ਉਨ੍ਹਾਂ ਨੇ ਸਾਡੀ 'ਮੋਟੀ ਬੁੱਧੀ' ਤੇ ਨੇਤਰਾਂ ਦੇ ਪਕੜ ਗੋਚਰਾ ਕਰਨ ਲਈ **ਦੇਹ ਧਾਰਕੇ ਸਾਡੀ ਅਗਵਾਈ ਕੀਤੀ** ਤੇ **ਦਸਵੇਂ ਪਾਤਸ਼ਾਹ ਨੇ ਸਾਡੇ ਤੇ ਅਤਿਅੰਤ ਮਿਹਰ ਕਰਕੇ, ਸਾਨੂੰ 'ਸ਼ਬਦ ਸਰੂਪ' ਗੁਰੂ-ਬਾਣੀ ਦੇ ਸਮੁੱਚੇ ਸਰੂਪ 'ਗੁਰੂ ਗ੍ਰੰਥ ਸਾਹਿਬ' ਦੇ ਲੜ ਲਾਇਆ** । ਇਸ ਤਰ੍ਹਾਂ ਹਮੇਸ਼ਾਂ ਲਈ ਸਾਨੂੰ **ਦੇਹ-ਧਾਰੀ ਗੁਰੂ ਦੇ ਭੁਲੇਖਿਆਂ ਤੋਂ ਬਚਾ ਲਿਆ** ।

ਆਪੇ ਸਤਿਗੁਰੁ ਆਪਿ ਸਬਦੁ ਜੀਉ ਜੁਗੁ ਜੁਗੁ ਭਗਤ ਪਿਆਰੇ ।। (ਪੰਨਾ–੨੪੬)

ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨੁ ਸਬਦੈ ਜਗੁ ਬਉਰਾਨੰ ।। (ਪੰਨਾ–੬੩੫)

ਸਤਿਗੁਰੁ ਪੁਰਖੁ ਦਾਤਾ ਵਡ ਦਾਨਾ ।।
ਜਿਸੁ ਅੰਤਰਿ ਸਾਚੁ ਸੁ ਸਬਦਿ ਸਮਾਣਾ ।। (ਪੰਨਾ–੧੦੩੦)

ਸਚਾ ਸਤਿਗੁਰੁ ਸਬਦੁ ਅਪਾਰਾ ।।
ਤਿਸ ਦੈ ਸਬਦਿ ਨਿਸਤਰੈ ਸੰਸਾਰਾ ।। (ਪੰਨਾ–੧੦੫੫)

ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ ।। (ਪੰਨਾ–੧੨੭੯)

ਆਨਦ ਮੂਲੁ ਰਾਮੁ ਸਭੁ ਦੇਖਿਆ ਗੁਰ ਸਬਦੀ ਗੋਵਿਦੁ ਗਜਿਆ ।। (ਪੰਨਾ–੧੩੧੫)

ਜਹ ਕਹ ਤਹ ਭਰਪੂਰੁ ਸਬਦੁ ਦੀਪਕਿ ਦੀਪਾਯਉ ।। (ਪੰਨਾ–੧੩੯੫)

ਪਾਰਬ੍ਰਹਮੁ ਗੁਰ ਸਬਦੁ ਹੈ ਸਤਸੰਗਿ ਨਿਵਾਸੀ । (ਵਾ.ਭਾ.ਗੁ. ੯/੧)

ਨਿਰਗੁਣ ਸਰਗੁਣ ਸਤਿਗੁਰੂ ਵਿਰਲਾ ਕੋ ਗੁਰ ਸਬਦ ਸਮਾਸੀ। (ਵਾ.ਭਾ.ਗੁ. ੪੦/੨੧)

ਹਾਲੇ ਤੱਕ ਇਹ **'ਸਬਦ ਗੁਰੂ'** ਦਾ ਗਿਆਨ ਜਾਂ ਸਿਧਾਂਤ, ਸਾਡੀ **ਦਿਮਾਗੀ ਸਮਝ ਤਾਂਈਂ ਹੀ ਸੀਮਿਤ ਹੈ,** ਇਸ ਕਰਕੇ ਸੰਗਤਾਂ ਵਿਚ ਕਈ ਵਾਰੀ ਬੜੇ ਤਲਖ਼ ਵਾਦ-ਵਿਵਾਦ ਤੇ ਝਗੜੇ ਹੁੰਦੇ ਰਹਿੰਦੇ ਹਨ । ਅਸਲ ਵਿਚ **ਸਬਦ 'ਗੁਰੂ' ਦਾ ਵਿਸ਼ਾ, ਤਿੰਨਾਂ ਗੁਣਾਂ ਤੋਂ ਪਰੇ, ਚੌਥੇ ਪਦ ਦੀ ਅਨੁਭਵੀ ਖੇਡ ਹੈ** ।

'ਸਬਦ' ਦੇ ਦੋ ਸਰੂਪ ਹਨ –

ਇਕ ਤਾਂ **'ਅੱਖਰੀ ਸਰੂਪ'** ਹੈ, ਜੋ ਗੁਰਬਾਣੀ ਦੀ ਸ਼ਕਲ ਵਿਚ ਸਾਡੇ ਸਾਹਮਣੇ ਹੈ, ਤੇ

ਦੂਸਰਾ ਸਰੂਪ **'ਪਰਮ-ਤੱਤ', 'ਆਤਮ-ਰੌਂ', 'ਨਾਮ', 'ਜੋਤਿ' ਹੈ,**

ਜੋ ਕੇਵਲ ਗੁਰ ਪ੍ਰਸਾਦਿ ਦੁਆਰਾ ਹੀ 'ਅਨੁਭਵ' ਹੋ ਸਕਦਾ ਹੈ ।

ਜਿਉ ਸੂਰਜੁ ਕਿਰਣਿ ਰਵਿਆ ਸਰਬ ਠਾਈ ਸਭ ਘਟਿ ਘਟਿ ਰਾਮੁ ਰਵੀਜੈ ।।
(ਪੰਨਾ–੧੩੨੬)

ਇਸ ਤਰ੍ਹਾਂ ਜਦ ਤਾਈਂ ਸਾਡੇ ਅੰਤਰ-ਆਤਮੇ **'ਗੁਰ-ਸਬਦ' ਦਾ ਪ੍ਰਕਾਸ਼ ਨਹੀਂ ਹੁੰਦਾ ਤੇ 'ਗੁਰ ਸਬਦ' ਦੁਆਰਾ ਗੋਬਿੰਦ ਨਹੀਂ 'ਗੱਜਦਾ'**, ਤਦ ਤੱਕ ਅਸੀਂ ਅਗਿਆਨਤਾ ਦੇ ਹਨੇਰੇ ਵਿਚ ਹੀ ਰਹਾਂਗੇ ਤੇ **ਭੁਲੇਖੇ ਬਣੇ ਰਹਿਣਗੇ** – ਭਾਵੇਂ ਅਸੀਂ **ਸਰੀਰਕ ਤੌਰ ਤੇ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਦੇ ਰਹੀਏ ਤੇ ਦਿਮਾਗੀ ਤੌਰ ਤੇ 'ਗੁਰੂ'** ਮੰਨੀ ਜਾਈਏ ।

ਉਦਾਹਰਣ ਦੇ ਤੌਰ ਤੇ **ਸੂਰਜ** ਦੀ ਕਿਰਨ **ਪ੍ਰਗਟ ਹੋਣ ਤੋਂ ਪਹਿਲਾਂ** ਹਨੇਰੇ ਵਿਚ ਅਸੀਂ ਸੂਰਜ ਦੀ **'ਰੋਸ਼ਨੀ' ਬਾਬਤ ਜਿੰਨਾ ਗਿਆਨ ਘੋਟੀ ਜਾਵਾਂਗੇ** ਜਾਂ ਬਹਿਸ ਕਰਾਂਗੇ, ਉਹ ਸਭ **ਫੋਕਟ ਹੀ ਹੈ ਤੇ** ਇਸ ਤਰ੍ਹਾਂ **'ਗੁਰੂ'** ਦੀ ਬਾਬਤ ਸਾਡਾ ਗਿਆਨ ਤੇ ਸ਼ਰਧਾ, **ਸਾਡੀ ਮਨੋ-ਕਲਪਨਾ ਤਾਈਂ ਸੀਮਿਤ ਹੈ** । ਸਾਡੀ ਮਾਨਸਿਕ 'ਭਾਵਨਾ' ਅਨੁਸਾਰ ਹੀ ਸਾਡੇ ਜੀਵਨ ਤੇ ਅਸਰ ਪਵੇਗਾ ।

ਜੇਹਾ ਸਤਗੁਰੁ ਕਰਿ ਜਾਣਿਆ ਤੇਹੋ ਜੇਹਾ ਸੁਖੁ ਹੋਇ ।। (ਪੰਨਾ–੩੦)

ਸਤਿਗੁਰ ਨੋ ਜੇਹਾ ਕੋ ਇਛਦਾ ਤੇਹਾ ਫਲੁ ਪਾਏ ਕੋਇ ।। (ਪੰਨਾ–੩੦੨)

ਸਤਿਗੁਰ ਪੁਰਖੁ ਅਗੰਮੁ ਹੈ ਨਿਰਵੈਰੁ ਨਿਰਾਲਾ ।...
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ । (ਵਾ.ਭਾ.ਗੁ. ੩੪/੧)

ਸਤਿਗੁਰ ਦੀ ਮਿਹਰ ਸਦਕਾ ਸਾਧ ਸੰਗਤ ਵਿਚ ਵਿਚਰਦਿਆਂ ਹੋਇਆਂ 'ਗੁਰ ਸਬਦ' ਅਥਵਾ **ਗੁਰ-ਮੰਤ੍ਰ ਦੀ ਕਮਾਈ** ਦੁਆਰਾ ਹੀ ਸਾਡੇ ਅੰਦਰ **ਗੋਬਿੰਦ ਗੱਜਦਾ ਅਤੇ ਪ੍ਰਗਟ ਹੁੰਦਾ ਹੈ** ।

ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੁ ਸੰਗੁ ।।
ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ ।। (ਪੰਨਾ–੭੧)

ਸਾਹਿਬੁ ਮੇਰਾ ਸਦਾ ਹੈ ਦਿਸੈ ਸਬਦੁ ਕਮਾਇ ।। (ਪੰਨਾ–੫੦੯)

ਵਡ ਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ।। (ਪੰਨਾ–੭੦੪)

ਮਨਿ ਤਨਿ ਪ੍ਰਭੁ ਆਰਾਧੀਐ ਮਿਲਿ ਸਾਧ ਸਮਾਗੈ ।। (ਪੰਨਾ–੮੧੭)

ਸਾਧਸੰਗਤਿ ਗੁਰ ਸਬਦੁ ਕਮਾਈ ।। (ਵਾ.ਭਾ.ਗੁ. ੧੬/੧)

ਜਿਸ ਤਰ੍ਹਾਂ ਹੁਣ **ਗੁਰੂ'** ਪਦ ਸੁਣਨ ਜਾਂ ਕਹਿਣ ਨਾਲ ਸਾਡਾ ਧਿਆਨ ਫੌਰਨ ਗੁਰੂਆਂ ਦੇ **'ਦੇਹ-ਸਰੂਪ'** ਵੱਲ ਜਾਂਦਾ ਹੈ, ਉਸੇ ਤਰ੍ਹਾਂ ਜਦ 'ਗੁਰ ਮੰਤ੍ਰ' ਦਾ ਅਭਿਆਸ ਕਰਦਿਆਂ ਸਾਡੇ ਅੰਤਰ-ਆਤਮੇ **ਅਨੁਭਵ ਖੁਲ੍ਹ ਗਿਆ, ਤਾਂ 'ਗੁਰੂ' ਲਫਜ਼ ਸੁਣਦਿਆਂ** ਜਾਂ ਕਹਿੰਦਿਆਂ ਸਾਰ, ਸਾਡੇ ਹਿਰਦੇ ਵਿਚ ਆਪਣੇ **ਸਤਿਗੁਰੂ ਦਾ ਸਹੀ 'ਸਬਦ ਸਰੂਪ'** ਜ਼ਾਹਿਰਾ-ਜ਼ਹੂਰ **ਓਤ ਪੋਤ**

ਪ੍ਰਤੀਤ ਹੋਵੇਗਾ । ਇਸ ਸਬਦ-ਗੁਰੂ ਦੀ ਮਿੱਠੀ ਤੇ ਨਿੱਘੀ ਅਨੁਭਵੀ 'ਗੋਦ' ਵਿਚ ਇਲਾਹੀ 'ਪ੍ਰਿਮ-ਰਸ' ਮਾਣਦਿਆਂ ਹੋਇਆਂ ਸਾਡੇ ਹਿਰਦੇ ਵਿਚੋਂ ਮੱਲੋ–ਮੱਲੀਂ ਨਿਕਲੇਗਾ –

ਤੁਮਰੇ ਗੁਣ ਕਿਆ ਕਹਾ ਮੇਰੇ ਸਤਿਗੁਰਾ
ਜਬ ਗੁਰੁ ਬੋਲਹ ਤਬ ਬਿਸਮੁ ਹੋਇ ਜਾਇ ।। (ਪੰਨਾ–੧੬੭)

ਮਾਈ ਰੀ ਪੇਖਿ ਰਹੀ ਬਿਸਮਾਦ ।।
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ ।। (ਪੰਨਾ–੧੨੨੬)

ਇਸੇ ਅਨੂਠੇ ਇਲਾਹੀ **'ਪ੍ਰੇਮ–ਰਸ'** ਵਿਚ ਲੀਨ ਹੋ ਕੇ ਹੀ ਪੁਕਾਰਿਆ ਜਾਵੇਗਾ –

ਸੁਨਹੁ ਲੋਕਾ ਮੈ ਪ੍ਰੇਮ ਰਸੁ ਪਾਇਆ ।। (ਪੰਨਾ–੩੭੦)

ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ ।। (ਪੰਨਾ–੩੯੭)

ਮਾਈ ਮੈ ਧਨੁ ਪਾਇਓ ਹਰਿ ਨਾਮੁ ।।
ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ ।। (ਪੰਨਾ–੧੧੮੬)

ਇਸ ਅਲੌਕਿਕ ਉਚੀ–ਸੁੱਚੀ ਆਤਮਿਕ ਅਵਸਥਾ ਤੇ ਪਹੁੰਚ ਕੇ, ਫੇਰ **ਦੇਹ ਧਾਰੀ ਗੁਰੂ ਦੀ ਉਕਾ ਲੋੜ ਨਹੀਂ ਰਹਿੰਦੀ** । ਹਾਂ! **ਇਸ ਅਵਸਥਾ ਤੇ ਪਹੁੰਚਣ ਲਈ ਜਗਿਆਸੂ ਨੂੰ ਆਪਣੇ ਤੋਂ ਉਚੀ ਅਵਸਥਾ ਵਾਲੇ ਗੁਰਮੁਖ ਪਿਆਰਿਆਂ, ਸਾਧਾਂ, ਸੰਤਾਂ, ਹਰਿਜਨਾਂ, ਮਹਾਂਪੁਰਖਾਂ ਦੀ ਸੰਗਤ ਤੇ ਅਗਵਾਈ ਦੀ ਲੋੜ ਹੈ, ਪਰ ਉਨ੍ਹਾਂ ਨੂੰ 'ਗੁਰੂ' ਕਹਿਣਾ ਜਾਂ ਮੰਨਣਾ, ਗੁਰਮਤਿ ਦੇ ਅਨੁਕੂਲ ਨਹੀਂ ਹੈ** । ਇਹ ਗੁਰਮੁਖ ਪਿਆਰੇ, ਜਗਿਆਸੂ ਨੂੰ ਇਲਾਹੀ ਮਾਰਗ ਤੇ ਚੱਲਣ ਲਈ **ਪ੍ਰੇਰਕ ਤੇ ਸਹਾਇਕ ਹੁੰਦੇ ਹਨ** ।

ਸੇਈ 'ਪਿਆਰੇ' ਮੇਲੀਂ ਜਿਨਾ ਮਿਲਿਆਂ ਤੇਰਾ ਨਾਮ ਚਿਤ ਆਵੇ । (ਅਰਦਾਸ)

ਸਾਧਸੰਗਿ ਬਸਤੁ ਅਗੋਚਰ ਲਹੈ ।। (ਪੰਨਾ–੨੭੧)

ਜਿਸੁ ਵਖਰ ਕਉ ਲੈਨਿ ਤੂ ਆਇਆ ।।
ਰਾਮ ਨਾਮੁ ਸੰਤਨ ਘਰਿ ਪਾਇਆ ।। (ਪੰਨਾ–੨੮੩)

ਸੁਭਰ ਭਰੇ ਪ੍ਰੇਮ ਰਸ ਰੰਗਿ ।।
ਉਪਜੈ ਚਾਉ ਸਾਧ ਕੈ ਸੰਗਿ ।। (ਪੰਨਾ–੨੮੯)

ਸੋ ਸਾਜਨੁ ਸੋ ਸਖਾ ਮੀਤੁ ਜੋ ਹਰਿ ਕੀ ਮਤਿ ਦੇਇ ।। (ਪੰਨਾ–੨੯੮)

ਸਾਧੂ ਸੰਗਿ ਸਿਖਾਇਓ ਨਾਮੁ ।।
ਸਰਬ ਮਨੋਰਥ ਪੂਰਨ ਕਾਮ ।। (ਪੰਨਾ–੩੯੩)

ਓਇ ਸਾਜਨ ਓਇ ਮੀਤ ਪਿਆਰੇ ।।
ਜੋ ਹਮ ਕਉ ਹਰਿ ਨਾਮੁ ਚਿਤਾਰੇ ।। (ਪੰਨਾ–੭੩੯)

ਸੰਤਾ ਸੰਗਤਿ ਮਿਲਿ ਰਹੈ ਤਾ ਸਚਿ ਲਗੈ ਪਿਆਰੁ ।। (ਪੰਨਾ–੭੫੬)

ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ ।। (ਪੰਨਾ–੯੬੧)

ਕੋਈ ਆਵੈ ਸੰਤੋ ਹਰਿ ਕਾ ਜਨੁ ਸੰਤੋ ਮੇਰਾ ਪ੍ਰੀਤਮ ਜਨੁ ਸੰਤੋ
ਮੋਹਿ ਮਾਰਗੁ ਦਿਖਲਾਵੈ ।। (ਪੰਨਾ–੧੨੦੧)

ਗੁਰੂ ਦੀ ਇਹੋ ਜੇਹੀ ਊਚਮ-ਊਚੀ, ਸੂਚਮ-ਸੂਚੀ ਹਸਤੀ ਨੂੰ ਮੁੱਖ ਰੱਖ ਕੇ ਗੁਰਬਾਣੀ ਵਿਚ ਲਿਖਿਆ ਹੈ –

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ।। (ਪੰਨਾ–੬੪੬)

ਆਦਿ ਅੰਤਿ ਏਕੈ ਅਵਤਾਰਾ ।।
ਸੋਈ ਗੁਰੂ ਸਮਝਿਯਹੁ ਹਮਾਰਾ ।। (ਚੌਪਈ ਪਾ. ੧੦)

ਇਨ੍ਹਾਂ ਤੁਕਾਂ ਤੋਂ ਪ੍ਰਗਟ ਹੁੰਦਾ ਹੈ ਕਿ 'ਗੁਰੂ' ਓਹੋ ਹੀ ਹੈ, ਜਿਸ ਦਾ ਆਦਿ ਤੇ ਅੰਤ ਵਿਚ **ਇਕੋ ਸਰੂਪ** ਹੋਵੇ, ਤੇ ਉਹ ਸਿਰਫ਼ ਸੂਖਮ **'ਪਰਮ-ਤੱਤ', 'ਜੋਤ' ਜਾਂ 'ਸਬਦ' ਹੀ ਹੋ ਸਕਦਾ ਹੈ, ਨਾ ਕਿ ਕੋਈ ਸਰੀਰਕ ਜਾਂ ਮਨੋਕਲਪਿਤ ਹਸਤੀ, ਜੋ ਹਮੇਸ਼ਾਂ ਬਦਲਦੀ ਰਹੇਗੀ** ਤੇ ਅੰਤ ਤੱਕ ਕਾਇਮ ਨਹੀਂ ਰਹਿ ਸਕਦੀ । ਦੂਜੀ ਗੱਲ **'ਏਕੈ'** ਦੀ ਹੈ । ਬਗੈਰ 'ਜੋਤਿ', 'ਸਬਦ' ਜਾਂ 'ਪਰਮ-ਤੱਤ' ਦੇ ਕੋਈ ਹੋਰ ਹਸਤੀ ਸਮੇਂ ਅਨੁਸਾਰ ਦੋ, ਤਿੰਨ ਤੇ ਅਨੇਕ ਹੋ ਸਕਦੀ ਹੈ, ਪਰ **'ਸਬਦ' ਸਦਾ ਹੀ 'ਇਕ' ਹੈ,** ਸਦਾ ਇਕਸਾਰ 'ਪ੍ਰਕਾਸ਼-ਮਈ' ਹੈ ਤੇ ਰਹੇਗਾ । ਸੂਰਜ ਤਾਂ ਬਿਨਸਨਹਾਰ ਹੈ, ਤੇ ਉਸ ਦੇ ਨਾਲ ਹੀ ਧੁੱਪ ਭੀ ਖਤਮ ਹੋ ਜਾਵੇਗੀ, ਪਰ ਪਰਮੇਸ਼ਰ 'ਅਕਾਲ' ਹੈ ਤੇ ਇਸ ਲਈ ਅਕਾਲ-ਪੁਰਖ ਦਾ ਪ੍ਰਕਾਸ਼-ਰੂਪ 'ਸਬਦ', 'ਨਾਮ', 'ਜੋਤ', 'ਪਰਮ-ਤੱਤ' ਅੱਟਲ ਅਤੇ ਸਦੀਵੀ ਹੈ ।

ਹਨੇਰਾ ਆਪਣੇ ਆਪ, ਕਿਸੇ ਤਰ੍ਹਾਂ ਭੀ ਰੋਸ਼ਨੀ ਪ੍ਰਾਪਤ ਨਹੀਂ ਕਰ ਸਕਦਾ । ਇਸੇ ਤਰ੍ਹਾਂ ਮਨ ਦੇ **ਭਰਮ-ਭੁਲਾਵੇ ਦਾ ਹਨੇਰਾ** ਭੀ ਆਪਣੇ ਆਪ ਕਿਸੇ ਕਰਮ-ਕਾਂਡ, ਪਾਠ-ਪੂਜਾ, ਗਿਆਨ, ਧਿਆਨ, ਜਪ-ਤਪ, ਸੰਜਮ ਨਾਲ **ਦੂਰ ਨਹੀਂ ਹੋ ਸਕਦਾ** ।

ਗੁਰੂ 'ਪ੍ਰਕਾਸ਼ ਰੂਪ' ਹੈ, ਸਤਿਗੁਰ ਦੇ ਅਨੁਭਵੀ **'ਤਤੱ-ਗਿਆਨ'** ਦੁਆਰਾ ਹੀ ਇਹ **'ਆਤਮਿਕ ਪ੍ਰਕਾਸ਼'** ਸਾਨੂੰ ਪ੍ਰਾਪਤ ਹੋ ਸਕਦਾ ਹੈ । ਇਸੇ ਕਰਕੇ ਗੁਰਬਾਣੀ ਨੂੰ **ਜਗ-ਚਾਨਣ** ਕਿਹਾ ਗਿਆ ਹੈ ।

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ।। (ਪੰਨਾ–੬੭)

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ।।
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ।। (ਪੰਨਾ–੪੬੩)

ਸਤਿਗੁਰ ਬਾਝੁ ਨ ਬੇਲੀ ਕੋਈ ।।
ਐਥੈ ਓਥੈ ਰਾਖਾ ਪ੍ਰਭੁ ਸੋਈ ।। (ਪੰਨਾ–੧੦੩੧)

ਗੁਰ ਬਿਨੁ ਘੋਰੁ ਅੰਧਾਰੁ ਗੁਰੂ ਬਿਨੁ ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ ਗੁਰੂ ਬਿਨੁ ਮੁਕਤਿ ਨ ਪਾਵੈ ॥ (ਪੰਨਾ–੧੩੯੯)

ਬਾਹਰਮੁਖੀ '**ਹਨੇਰਾ**' ਕਈ ਕਿਸਮ ਦਾ ਹੈ –

1. ਚਾਨਣ ਦੀ **ਅਣਹੋਂਦ,**
2. **ਨੇਤਰ-ਹੀਣਾਂ ਦਾ ਹਨੇਰਾ,**
3. ਵਿਦਿਆ-ਹੀਣ ਅਵਸਥਾ ਦਾ **ਦਿਮਾਗੀ ਅੰਧੇਰਾ** ।

ਉਪਰ ਦਰਸਾਏ ਹੋਏ '**ਹਨੇਰੇ**' ਤਾਂ ਸਾਡੇ ਸਰੀਰ ਅਤੇ ਬੁੱਧੀ ਤਾਈਂ **ਸੀਮਤ** ਹਨ ਅਤੇ ਆਪਣੇ ਉਦਮ ਨਾਲ ਕਿਸੇ ਹੱਦ ਤਕ ਦੂਰ ਕੀਤੇ ਜਾ ਸਕਦੇ ਹਨ । ਪਰ ਇਸ ਤੋਂ ਪਰੇ, ਇਕ ਹੋਰ ਮਾਇਕੀ '**ਭਰਮ-ਭੁਲਾਵੇ**' **ਦਾ** '**ਹਨੇਰਾ**' **ਹੈ,** ਜਿਸ ਦੀ ਬਾਬਤ ਗੁਰਬਾਣੀ ਵਿਚ ਇਉਂ ਦਰਸਾਇਆ ਗਿਆ ਹੈ ।

ਬਜਰ ਕਪਾਟ ਕਾਇਆ ਗੜ੍ਹ ਭੀਤਰਿ ਕੂੜੁ ਕੁਸਤੁ ਅਭਿਮਾਨੀ ॥
ਭਰਮਿ ਭੂਲੇ ਨਦਰਿ ਨ ਆਵਨੀ ਮਨਮੁਖ ਅੰਧ ਅਗਿਆਨੀ ॥ (ਪੰਨਾ–੫੧੪)

ਭਰਮੁ ਕੋਟੁ ਮਾਇਆ ਖਾਈ ਕਹੁ ਕਿਤੁ ਬਿਧਿ ਤੋੜੀਐ ॥
ਗੁਰੁ ਪੂਰਾ ਆਰਾਧਿ ਬਿਖਮ ਦਲੁ ਫੋੜੀਐ ॥ (ਪੰਨਾ–੫੨੨)

ਭਰਮ ਲੋਭ ਮੋਹ ਮਾਇਆ ਵਿਕਾਰ ॥
ਭ੍ਰਮ ਛੂਟੇ ਤੇ ਏਕੰਕਾਰ ॥ (ਪੰਨਾ–੭੩੬)

ਅੰਤਰਿ ਸਬਦੁ ਮਿਟਿਆ ਅਗਿਆਨੁ ਅੰਧੇਰਾ ॥ (ਪੰਨਾ–੭੯੮)

ਭ੍ਰਮ ਭੈ ਬਿਨਸਿ ਗਏ ਖਿਨ ਭੀਤਰਿ ਅੰਧਕਾਰ ਪ੍ਰਗਟੇ ਚਾਨਾਣੁ ॥ (ਪੰਨਾ–੮੨੫)

ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ ॥
ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ ॥ (ਪੰਨਾ–੯੫੪)

ਸਾਡੀ ਬਿਰਤੀ ਬਾਹਰਮੁਖੀ ਹੋਣ ਕਾਰਨ, ਅਸੀਂ ਸਿਰਫ ਉਨ੍ਹਾਂ ਵਸਤੂਆਂ ਨੂੰ ਜਾਨਣ ਦੀ ਕੋਸ਼ਿਸ਼ ਕਰਦੇ ਹਾਂ, ਜਿਨ੍ਹਾਂ ਨੂੰ ਨੇਤ੍ਰ ਦੇਖ ਸਕਣ, ਸਰੀਰ ਮਹਿਸੂਸ ਕਰ ਸਕੇ ਜਾਂ ਬੁੱਧੀ ਪਕੜ ਸਕੇ । ਪਰ ਗੁਰਬਾਣੀ ਵਿਚ ਸਪਸ਼ਟ ਤੌਰ ਤੇ ਦਰਸਾਏ ਹੋਏ '**ਮਾਇਕੀ ਭਰਮ-ਭੁਲਾਵੇ**' **ਦੇ** '**ਹਨੇਰ**' ਦੀ ਬਾਬਤ ਸਾਨੂੰ –

ਸੋਝੀ ਹੀ ਨਹੀਂ
ਗਿਆਨ ਹੀ ਨਹੀਂ
ਧਿਆਨ ਹੀ ਨਹੀਂ
ਲੋੜ ਹੀ ਨਹੀਂ
ਫੁਰਸਤ ਹੀ ਨਹੀਂ ।

ਇਸ ਲਈ ਇਸ 'ਭਰਮ' ਰੂਪੀ **ਹਨੇਰ ਨੂੰ ਦੂਰ ਕਰਨ** ਦਾ ਸਾਡੇ ਅੰਦਰ ਖਿਆਲ ਹੀ ਨਹੀਂ ਉਠਦਾ ।

ਆਮ ਜਨਤਾ ਤਾਂ ਗੁਰਬਾਣੀ ਨਹੀਂ ਪੜ੍ਹਦੀ, ਤੇ ਉਹਨਾਂ ਨੂੰ ਇਸ –

ਮਾਇਕੀ ਭਰਮ
'ਭਰਮ ਭੁਲਾਵਾ'
'ਭਰਮ ਕੋਟ'
'ਭਰਮ ਸੁੱਤਾ'
'ਘੋਰ ਅੰਧਾਰ'
'ਦੁਬਿਧਾ'
'ਦੂਜਾ ਭਾਉ'
'ਬਜਰ ਕਪਾਟ'
'ਕੂੜ ਕੁਸਤ'

ਦਾ **ਪਤਾ ਹੀ ਨਹੀਂ**, ਪਰ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਅਸੀਂ ਨਿਤ ਗੁਰਬਾਣੀ ਨੂੰ ਪੜ੍ਹਦੇ-ਸੁਣਦੇ, ਪਾਠ ਕਰਦੇ, ਅਤੇ ਹੋਰ ਅਨੇਕਾਂ ਕਰਮ-ਕਾਂਡ ਕਰਦੇ ਹੋਏ ਭੀ, ਇਸ ਮਾਇਕੀ ਭਰਮ-ਭੁਲਾਵੇ ਦੇ **'ਅੰਧ ਗੁਬਾਰ'** ਵਿਚ ਬੇ-ਪ੍ਰਵਾਹ ਹੋ ਕੇ ਆਪਣਾ **ਅਮੋਲਕ ਜੀਵਨ ਅਜਾਈਂ ਗੁਆ ਰਹੇ ਹਾਂ** । ਸਾਡੀ ਇਸ ਅਵਸਥਾ ਨੂੰ ਇਉਂ ਦਰਸਾਇਆ ਗਿਆ ਹੈ –

ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ ॥
ਪੰਚ ਜਨਾ ਸਿਉ ਸੰਗੁ ਨ ਛੁਟਕਿਓ ਅਧਿਕ ਅਹੰਬੁਧਿ ਬਾਧੇ ॥
ਪਿਆਰੇ ਇਨ ਬਿਧਿ ਮਿਲਣੁ ਨ ਜਾਈ ਮੈ ਕੀਏ ਕਰਮ ਅਨੇਕਾ ॥ (ਪੰਨਾ–੬੪੧)

ਪੂਜਾ ਕਰਹਿ ਪਰੁ ਬਿਧਿ ਨਹੀ ਜਾਣਹਿ ਦੂਜੈ ਭਾਇ ਮਲੁ ਲਾਈ । (ਪੰਨਾ–੯੧੦)

ਕਾਹੂੰ ਲੈ ਪਾਹਨ ਪੂਜ ਧਰਯੋ ਸਿਰ ਕਾਹੂੰ ਲੈ ਲਿੰਗ ਗਰੇ ਲਟਕਾਇਓ ॥
ਕਾਹੂੰ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥ (ਸਵੱਯੇ ਪਾ: ੧੦)

ਅਸੀਂ ਇਸ ਮਾਇਕੀ ਭਰਮ-ਭੁਲਾਵੇ ਦੇ **'ਅੰਧ-ਘਰ' ਵਿਚ ਐਨੇ ਸੰਤੁਸ਼ਟ ਅਤੇ 'ਮਸਤ'** ਹਾਂ, ਕਿ ਸਾਨੂੰ ਇਸ 'ਤਿਮਰ-ਹਨੇਰ' ਨੂੰ ਸਮਝਣ-ਬੁੱਝਣ ਲਈ ਜਾਂ **ਇਸ ਵਿਚੋਂ ਨਿਕਲਣ ਦਾ ਕਦੇ** –

ਖਿਆਲ ਹੀ ਨਹੀਂ ਆਇਆ
ਲੋੜ ਹੀ ਨਹੀਂ ਭਾਸੀ

ਇੱਛਾ ਹੀ ਨਹੀਂ ਕੀਤੀ
ਖੋਜ ਹੀ ਨਹੀਂ ਕੀਤੀ
ਉਦੱਮ ਹੀ ਨਹੀਂ ਕੀਤਾ
ਘਾਲਣਾ ਹੀ ਨਹੀਂ ਘਾਲੀ ।

ਇਹਨਾਂ ਭੁੱਲੜ, ਅਗਿਆਨੀ, ਬੇਮੁਖ ਰੂਹਾਂ ਵਿਚੋਂ ਕੋਈ **ਵਿਰਲੀ ਰੂਹ** –

1. ਨੇਤਰ-ਹੀਣ ਬੰਦੇ ਵਾਂਗ, ਮਾਇਆ ਦੇ 'ਅੰਧ-ਘੋਰ' ਵਿਚ ਜਦ ਅਤਿ ਦੁਖੀ ਹੋ ਕੇ **ਤ੍ਰਾਹ-ਤ੍ਰਾਹ ਕਰਦੀ ਹੈ,**

2. ਸਤਿ–ਸੰਗਤ ਕਰਦਿਆਂ ਹੋਇਆਂ **'ਮਾਇਕੀ-ਭਰਮ' ਦੀ ਨੀਂਦ ਵਿਚੋਂ ਜਾਗਦੀ ਹੈ,**

3. ਪਿਛਲੇ ਜਨਮਾਂ ਦੀ **ਕਮਾਈ ਜਦ ਪ੍ਰਗਟ ਹੁੰਦੀ ਹੈ,**

ਤਾਂ ਉਹ 'ਭਰਮ' ਦੇ ਅੰਧ-ਗੁਬਾਰ' ਵਿਚੋਂ **ਨਿਕਲਣ ਦਾ ਉਦੱਮ** ਕਰਦੀ ਹੈ ਅਤੇ ਗੁਰੂ-ਗਿਆਨ ਰੂਪੀ **'ਚਾਨਣ' ਦੀ 'ਖੋਜ'** ਵਿਚ ਲਗਦੀ ਹੈ ।

ਜਿਨ੍ਹਾਂ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ।।
ਹਉ ਢੂਢੇਦੀ ਜਗੁ ਸਬਾਇਆ ਜਨ ਨਾਨਕ ਵਿਰਲੇ ਕੇਈ ।। (ਪੰਨਾ–੫੨੦)

ਸਚਿ ਰਤੇ ਸੇ ਟੋਲਿ ਲਹੁ ਸੇ ਵਿਰਲੇ ਸੰਸਾਰਿ ।।
ਤਿਨ ਮਿਲਿਆ ਮੁਖੁ ਉਜਲਾ ਜਪਿ ਨਾਮੁ ਮੁਰਾਰਿ ।। (ਪੰਨਾ–੯੯੪)

ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ ।।
ਮਿਟਿਓ ਅੰਧੇਰੁ ਮਿਲਤ ਹਰਿ ਨਾਨਕ ਜਨਮ ਜਨਮ ਕੀ ਸੋਈ ਜਾਗੀ ।। (ਪੰਨਾ–੨੦੪)

ਇਹੋ ਜੇਹੀ **ਜਾਗੀ ਹੋਈ ਅਭਿਲਾਖੀ 'ਰੂਹ' ਦੀ ਪ੍ਰੇਰਨਾ ਅਤੇ ਅਗਵਾਈ ਲਈ** ਗੁਰਬਾਣੀ ਇਉਂ ਉਪਦੇਸ਼ ਕਰਦੀ ਹੈ –

ਹਰਿ ਸਿਮਰਤ ਪੂਰਨ ਪਦੁ ਪਾਇਆ ।।
ਸਾਧਸੰਗਿ ਭੈ ਭਰਮ ਮਿਟਾਇਆ ।। (ਪੰਨਾ–੧੯੩)

ਭ੍ਰਮ ਕੀ ਜਾਲੀ ਤਾ ਕੀ ਕਾਟੀ ਜਾ ਕਉ ਸਾਧਸੰਗਤਿ ਬਿਸ੍ਵਾਸਾ ।। (ਪੰਨਾ–੨੦੮)

ਭਾਇ ਭਗਤਿ ਭਰਮ ਭਉ ਨਾਸੈ ਹਰਿ ਨਾਨਕ ਸਦਾ ਹਜੂਰਿ ।। (ਪੰਨਾ–੪੦੬)

ਸਬਦਿ ਮਰੈ ਤਾਂ ਏਕ ਲਿਵ ਲਾਏ ।।
ਅਚਰੁ ਚਰੈ ਤਾਂ ਭਰਮੁ ਚੁਕਾਏ ।। (ਪੰਨਾ–੪੧੨)

ਅਚਰੁ ਚਰੈ ਤਾ ਸਿਧਿ ਹੋਈ ਸਿਧੀ ਤੇ ਬੁਧਿ ਪਾਈ ॥
ਪ੍ਰੇਮ ਕੇ ਸਰ ਲਾਗੇ ਤਨ ਭੀਤਰਿ ਤਾ ਭ੍ਰਮੁ ਕਾਟਿਆ ਜਾਈ ॥ (ਪੰਨਾ–੬੦੭)

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ (ਪੰਨਾ–੬੮੪)

ਕਹਤ ਕਬੀਰ ਸੁਨਹੁ ਰੇ ਪ੍ਰਾਨੀ ਛੋਡਹੁ ਮਨ ਕੇ ਭਰਮਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ ਪਰਹੁ ਏਕ ਕੀ ਸਰਨਾਂ ॥ (ਪੰਨਾ–੬੯੨)

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥ (ਪੰਨਾ–੭੦੦)

ਜਦੋਂ ਪੂਰਬਲੇ ਕਰਮਾਂ ਦਾ ਅੰਕੁਰ ਫੁਟਦਾ ਹੈ, ਤਾਂ ਜਗਿਆਸੂ ਦਾ ਮਿਲਾਪ ਕਿਸੇ 'ਰਸਿਕ ਬੈਰਾਗੀ' ਪੁਰਖ ਨਾਲ ਹੁੰਦਾ ਹੈ, ਜਿਸ ਦੀ ਛੋਹ ਅਤੇ ਲਾਗ ਤੋਂ ਉਸਦੇ –

ਖਿਆਲਾਂ
ਨਿਸਚਿਆਂ
ਭਾਵਨਾਵਾਂ
ਰੁਚੀਆਂ
ਸ਼ੌਕ
ਮਨੋਰੰਜਨ
ਜੀਵਨ-ਸੇਧ
ਕਾਰ-ਵਿਹਾਰ, ਆਦਿ

ਵਿਚ ਅਚਾਨਕ ਤਬਦੀਲੀ ਆਉਂਦੀ ਹੈ ।

ਹਾਂ ਜੀ, ਐਸੇ ਬਖਸ਼ੇ ਹੋਏ ਰਸਿਕ ਬੈਰਾਗੀ ਪੁਰਖਾਂ ਦੀ ਲਗਾਤਾਰ ਸੰਗਤ ਅਤੇ ਸੇਵਾ ਵਿਚ ਅਨੁਭਵ ਦੁਆਰਾ –

ਇਲਾਹੀ ਪ੍ਰੀਤ ਖਿੱਚ

ਤੇ

ਅਸਚਰਜ ਰਸ

ਦਾ ਸਦਕਾ ਉਹਨਾਂ ਨੂੰ ਇਕ ਐਸੇ **'ਪੂਰਨ ਗੁਰੂ'** ਦੇ ਮਿਲਾਪ ਦੀ ਤਾਂਘ ਪੈਦਾ ਹੋ ਜਾਂਦੀ ਹੈ, ਜੋ ਕਿ –

ਪ੍ਰੇਮ ਪੁਰਖ ਹੈ
ਅੰਤਰਜਾਮੀ ਹੈ
ਸਦ ਬਖਸਿੰਦ ਹੈ
ਅਸਚਰਜ ਹੈ
ਅਨਦ-ਬਿਨੋਦੀ ਹੈ

ਚੋਜੀ ਪ੍ਰੀਤਮ ਹੈ
ਸੁਖ-ਸਾਗਰ ਹੈ
ਪਾਰਸ ਹੈ
ਸਚਾ ਪਾਤਸ਼ਾਹ ਹੈ
ਨਿਰਭਉ ਨਿਰਵੈਰੁ ਹੈ
ਦੁਖ ਭੰਜਨ ਹੈ
ਸਰਬ ਇਛਾਂ ਪੂਰਕ ਹੈ
ਸਦਾ ਅੰਗ ਸੰਗੇ ਹੈ
ਲਾਡ-ਲਡਾਉਂਦਾ ਹੈ
ਖੇਲ-ਖਿਲਾਉਂਦਾ ਹੈ
ਮਿਠ ਬੋਲੜਾ ਹੈ
ਅਤਿ ਸੁੰਦਰ ਹੈ
ਸਭ ਦਾ ਪਿਤਾ ਹੈ
ਨਿਮਾਣਿਆ ਮਾਣ ਹੈ
ਨਿਤਾਣਿਆ ਤਾਣ ਹੈ
ਨਿਥਾਵਿਆਂ ਥਾਉਂ ਹੈ
ਪਤਿਤ ਪਾਵਨ ਹੈ
ਸਬਦ ਹੈ
ਨਾਮ ਹੈ
ਪੂਰਾ ਹੈ
ਵਾਹੁ-ਵਾਹ ਹੈ

ਭਾਈ ਰੇ ਸੰਤ ਜਨਾ ਕੀ ਰੇਨੁ ।।
ਸੰਤ ਸਭਾ ਗੁਰੁ ਪਾਈਐ ਮੁਕਤਿ ਪਦਾਰਥੁ ਧੇਨੁ ।। (ਪੰਨਾ–੧੮)

ਵਡਭਾਗਿ ਪਾਇਆ ਗੁਰਿ ਮਿਲਾਇਆ ਸਾਧ ਕੈ ਸਤਸੰਗੀਆ ।। (ਪੰਨਾ–੭੦੪)

ਸੰਤ ਸਭਾ ਓਟ ਗੁਰ ਪੂਰੇ ਧੁਰਿ ਮਸਤਿਕ ਲੇਖੁ ਲਿਖਾਏ ।।
ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨਾ ਲਾਗੈ ਆਇ ।। (ਪੰਨਾ–੧੬੬)

(ਚਲਦਾ.....)

©ਸਭ ਹੱਕ ਰਾਖਵੇਂ ਹਨ।

500 ਕਾਪੀਆਂ, ਅਕਤੂਬਰ 2012

ਏਸੇ ਕਲਮ ਦੇ ਲਿਖੇ ਹੋਏ ਗੁਰਬਾਣੀ ਵਿਚਾਰੁ ਦੀ ਲੜੀ ਵਿੱਚ ਅੱਡ-ਅੱਡ ਵਿਸ਼ਿਆਂ ਤੇ 132 ਲੇਖ (13 ਕਿਤਾਬਾਂ) ਹਨ। ਇਨ੍ਹਾਂ ਲੇਖਾਂ ਦਾ ਹਿੰਦੀ ਤਰਜਮਾ ਵੀ ਮਿਲਦਾ ਹੈ। ਪੰਜ ਲੇਖ ਅੰਗਰੇਜ਼ੀ ਵਿੱਚ ਹਨ।

ਕੀਰਤਨ ਅਤੇ ਨਾਮ-ਅਭਿਆਸ ਕਮਾਈ ਦੇ ਅੱਠ ਦਿਨਾਂ ਜਪ-ਤਪ ਸਮਾਗਮ, ਗੁਰਦੁਆਰਾ ਸਾਹਿਬ ਬ੍ਰਹਮ-ਬੁੰਗਾ, ਪਿੰਡ **ਦੋਦੜਾ** ਵਿਖੇ ਮਾਰਚ, ਸਤੰਬਰ ਅਤੇ ਦਸੰਬਰ (20-30) ਵਿੱਚ ਅਤੇ ਜੂਨ ਵਿੱਚ ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਹਰ ਸਾਲ ਹੁੰਦੇ ਹਨ। ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ, ਦੱਖਣੀ ਬਾਈਪਾਸ **ਦੋਰਾਹਾ** ਵਿਖੇ ਪੰਦਰਾਂ ਦਿਨਾਂ ਬਾਅਦ ਵੀ ਸਮਾਗਮ ਹੁੰਦਾ ਹੈ। ਇਸ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀਆਂ ਸੰਗਤਾਂ ਦੀ ਮੰਗ ਅਨੁਸਾਰ 15-15 ਦਿਨਾਂ ਦੇ ਅਰਸੇ ਬਾਅਦ, ਦੋ ਦਿਨਾਂ ਸਮਾਗਮ ਭਾਰਤ ਅਤੇ ਹੋਰ ਦੇਸ਼ਾਂ ਵਿੱਚ ਹੁੰਦੇ ਹਨ। ਹਫ਼ਤਾਵਾਰੀ ਸਮਾਗਮ ਵੀ ਵੱਖ-ਵੱਖ ਥਾਵਾਂ ਤੇ ਸਥਾਨਕ ਸੰਗਤਾਂ ਵੱਲੋਂ ਹੁੰਦੇ ਹਨ।

ਪਿੰਡ ਦੋਦੜਾ, ਬੁਢਲਾਡਾ-ਸੁਨਾਮ, ਬਰਾਸਤਾ (ਵਾਇਆ) ਜਖੇਪਲ ਲਿੰਕ ਰੋਡ ਤੇ ਹੈ। ਚਾਹਵਾਨ ਸੱਜਣ ਇਹ ਲੇਖ ਅਤੇ ਸਮਾਗਮਾਂ ਦਾ ਵੇਰਵਾ ਹੇਠ ਲਿਖੇ ਪਤੇ ਤੋਂ ਪ੍ਰਾਪਤ ਕਰ ਸਕਦੇ ਹਨ :-

Website : www.brahmbungadodra.org
E-mail : info@brahmbungadodra.org

ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 073074-55097, 01652-255097, 99149-55098

❖ **ਸ਼ਾਖਾ** ❖

ਗੁਰਦੁਆਰਾ ਬ੍ਰਹਮ ਬੁੰਗਾ ਸਾਹਿਬ (ਦੋਦੜਾ)
ਦੱਖਣੀ ਬਾਈ ਪਾਸ, **ਦੋਰਾਹਾ**
ਜ਼ਿਲ੍ਹਾ ਲੁਧਿਆਣਾ, ਪੰਜਾਬ
ਫੋਨ : 073074-55098, 01628-258697, 099149-55098

❖ **ਪ੍ਰਕਾਸ਼ਕ** ❖

ਸੈਕ੍ਰੇਟਰੀ, ਬ੍ਰਹਮ-ਬੁੰਗਾ ਟ੍ਰਸਟ (ਰਜਿ.)
ਪਿੰਡ ਤੇ ਡਾਕਖਾਨਾ : **ਦੋਦੜਾ**
ਤਹਿਸੀਲ-ਬੁਢਲਾਡਾ, ਜ਼ਿਲ੍ਹਾ ਮਾਨਸਾ (ਪੰਜਾਬ)
ਫੋਨ : 73074-55096

www.HarjitPrintingPress.com S.C.F. 83, Phase 5, SAS Nagar (Mohali). Phones : +91-172-2226297, 5098297